ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਸਿ) ਪੰਜਾਬ।
ਪੰ.ਸ.ਸ.ਬ. ਕੰਪਲੈਕਸ, ਬਲਾਕ ਈ. ਛੇਵੀਂ ਮੰਜਿਲ, ਸੈਕਟਰ-62, ਸਅਸ ਨਗਰ
(ਅਮਲਾ-2 ਸ਼ਾਖਾ)

ਸੇਵਾ ਵਿਖੇ

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਐਸ.ਏ.ਐਸ ਨਗਰ।

ਮੀਮੋ ਨੰ: 936112-DPIEE-EST20ESTB/170/2025 /554
ਮਿਤੀ, ਐਸ.ਏ.ਐਸ ਨਗਰ 8 - 10 - 25

ਵਿਸ਼ਾ:- ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ/ ਠੇਕੇ ਦੇ ਆਧਾਰ ਤੇ ਪੜ੍ਹਾ ਰਹੇ ਸਪੈਸ਼ਲ ਐਜੂਕੇਟਰ ਦੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਅਧੀਨ ਰੈਗੂਲਰ/ ਨਿਯਮਿਤ ਕਰਨ ਸਬੰਧੀ।

ਹਵਾਲਾ:- ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-7 ਸ਼ਾਖਾ) ਦੇ ਨੋਟੀਫਿਕੇਸ਼ਨ ਨੰ. 464431(SED-EDU706/18/2023-4EDU7/83 ਮਿਤੀ 18.09.2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਬੰਧਕੀ ਵਿਭਾਗ ਵੱਲੋਂ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ/ ਐਡਹਾਕ ਤੇ ਨਿਯੁੱਕਤ 375 ਸਪੈਸ਼ਲ ਐਜੂਕੇਟਰਾਂ (IERT) ਵਿੱਚੋਂ 12 ਸਪੈਸ਼ਲ ਐਜੂਕੇਟਰ ( 7 ਪ੍ਰਾਇਮਰੀ ਅਤੇ 5 ਸੈਕੰਡਰੀ) ਦੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਵਿੱਚ ਬਤੌਰ ਸਪੈਸ਼ਲ ਐਜੂਕੇਟਰ ਟੀਚਰ ਰੈਗੂਲਰ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।

ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਪ੍ਰਬੰਧਕੀ ਵਿਭਾਗ ਵੱਲੋਂ ਪ੍ਰਾਪਤ ਸੂਚੀ ਅਨੁਸਾਰ ਐਲੀਮੈਂਟਰੀ ਕਾਡਰ ਅਧੀਨ ਰੈਗੂਲਰ ਕੀਤੇ ਜਾਣ ਵਾਲੇ ਕਰਮਚਾਰੀਆਂ ਦਾ ਮੁਕੰਮਲ ਸਰਵਿਸ ਰਿਕਾਰਡ (ਠੇਕਾ ਅਧਾਰਿਤ ਇਸ਼ਤਿਹਾਰ ਦੀ ਕਾਪੀ, ਸਿਲੈਕਸ਼ਨ ਦਾ ਰਿਕਾਰਡ, ਨਿਯੁੱਕਤੀ ਪੱਤਰ, ਹਾਜਰੀ ਰਿਪੋਰਟ, ਕੋਈ ਸ਼ਿਕਾਇਤ/ ਪੜਤਾਲ ਜਾਂ ਕੋਈ ਫੌਜਦਾਰੀ ਕੇਸ ਪੈਂਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ, ਕੋਈ ਲੰਬੀ ਗੈਰਹਾਜਰੀ ਨਾ ਹੋਣ ਸਬੰਧੀ ਸਰਟੀਫਿਕੇਟ) ਇਸ ਦਫਤਰ ਨੂੰ ਮੁਹੱਇਆ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਕੰਟਰੈਕਟ ਤੇ ਕੰਮ ਕਰਦੇ ਇੰਨ੍ਹਾ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ/ਨਿਯਮਿਤ ਕਰਨ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਨੱਥੀ:- ਉਕਤ ਅਨੁਸਾਰ

ਸਹਾਇਕ ਡਾਇਰੈਰਟਰ (ਅਮਲਾ-2)

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-7 ਸ਼ਾਖਾ)**

**ਨੋਟੀਫਿਕੇਸ਼ਨ**

ਨੰ: 464431(SED-EDU706/18/2023-4EDU7/83 ਮਿਤੀ, ਚੰਡੀਗੜ੍ਹ:

ਵਿਸ਼ਾ: **ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਰਟ/ਠੇਕੇ ਦੇ ਆਧਾਰ ਤੇ ਪੜ੍ਹਾ ਰਹੇ ਸਪੈਸ਼ਲ ਐਜੂਕੇਟਰ ਦੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਅਧੀਨ ਰੈਗੂਲਰ/ਨਿਯਮਿਤ ਕਰਨ ਸਬੰਧੀ।**

***

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ WP (C) 132 of 2016 Rajneesh Kumar Panday Vs Union of India ਵਿੱਚ ਮਿਤੀ 28.10.2021 ਅਤੇ ਮਿਤੀ 07.03.2025 ਨੂੰ ਦਿੱਤੇ ਫੈਸਲੇ ਦੀ ਪਾਲਣਾ ਸਨਮੁੱਖ ਸਿੱਖਿਆ ਵਿਭਾਗ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਹਿੱਤ ਮੰਤਰੀ ਮੰਡਲ ਦੀ ਮਿਤੀ 7.7.2025 ਦੀ ਪ੍ਰਵਾਨਗੀ ਉਪਰੰਤ ਸਪੈਸ਼ਲ ਐਜੂਕੇਟਰਾਂ ਟੀਚਰਾਂ ਦੀਆਂ ਕੁੱਲ 3600 ਅਸਾਮੀਆਂ {1650 ਸਪੈਸ਼ਲ ਐਜੂਕੇਟਰ ਟੀਚਰ (ਮਾਸਟਰ ਕਾਡਰ) ਅਤੇ 1950 ਅਸਾਮੀਆਂ ਸਪੈਸ਼ਲ ਐਜੂਕੇਟਰ ਟੀਚਰ(ਪ੍ਰਾਇਮਰੀ ਕਾਡਰ)} ਦੀ ਰਚਨਾ ਕੀਤੀ ਗਈ।

2. ਵਿੱਤ ਵਿਭਾਗ, ਪੰਜਾਬ ਵੱਲੋਂ ਇਸ ਕੇਸ ਵਿੱਚ ਪੱਤਰ ਮਿਤੀ 16.6.2025 ਰਾਹੀਂ ਪਹਿਲੇ ਪੜਾਅ ਦੌਰਾਨ ਸਾਲ 2025 ਦੌਰਾਨ 1100 ਅਸਾਮੀਆਂ ਭਰਨ ਦੀ ਅਤੇ ਬਾਕੀ ਅਸਾਮੀਆਂ ਨੂੰ ਅਗਲੇ ਸਾਲਾਂ ਦੌਰਾਨ ਭਰੇ ਜਾਣ ਦੀ ਸਲਾਹ ਦਿੱਤੀ ਗਈ। ਜਿਸ ਦੇ ਸਨਮੁੱਖ ਸਾਲ 2025 ਦੌਰਾਨ ਵਿਭਾਗ ਵੱਲੋਂ ਸਪੈਸ਼ਲ ਐਜੁਕੇਟਰ ਟੀਚਰ (ਮਾਸਟਰ ਕਾਡਰ) ਦੀਆਂ 332 ਅਤੇ ਸਪੈਸ਼ਲ ਐਜੁਕੇਟਰ ਟੀਚਰ (ਪ੍ਰਾਇਮਰੀ) ਦੀਆਂ 393 (ਕੁੱਲ 725) ਅਸਾਮੀਆਂ ਭਰੇ ਜਾਣ ਲਈ ਮਿਤੀ 13.7.2025 ਨੂੰ Advertisement ਜਾਰੀ ਕੀਤੀ ਗਈ। ਬਾਕੀ 375 (1100-725) ਅਸਾਮੀਆਂ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਮਿਤੀ 7.3.2025 ਸਨਮੁੱਖ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ/ ਐਡਹਾਕ ਤੇ ਨਿਯੁਕਤ 375 ਸਪੈਸ਼ਲ ਐਜੁਕੇਟਰ (IERT) ਨੂੰ ਰੈਗੂਲਰ ਕਰਦੇ ਹੋਏ ਭਰੇ ਜਾਣ ਲਈ ਰਾਖਵਾਂ ਰੱਖਿਆ ਗਿਆ ਹੈ।

3. ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ/ਐਡਹਾਕ ਤੇ ਨਿਯੁਕਤ 375 ਸਪੈਸ਼ਲ ਐਜੁਕੇਟਰ (IERT) ਨੂੰ ਰੈਗੂਲਰ ਕਰਦੇ ਹੋਏ ਭਰੇ ਜਾਣ ਲਈ ਮਾਨਯੋਗ ਅਪੈਕਸ਼ ਕੋਰਟ ਦੇ ਹੁਕਮ ਮਿਤੀ 7.3.2025 ਸਨਮੁੱਖ Screening Committee ਦਾ ਗਠਨ ਕਰਨ ਸਬੰਧੀ ਨੋਟੀਫਿਕੇਸ਼ਨ ਮਿਤੀ 20.6.2025 ਜਾਰੀ ਕੀਤੀ ਗਈ।

4. ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ/ਐਡਹਾਕ ਤੇ ਨਿਯੁਕਤ 375 ਸਪੈਸ਼ਲ ਐਜੁਕੇਟਰ (IERT) ਦੀਆਂ ਸੇਵਾਵਾਂ ਨੂੰ ਸਪੈਸ਼ਲ ਐਜੁਕੇਟਰ ਟੀਚਰ ਰੈਗੂਲਰ ਕਰਨ ਸਬੰਧੀ ਡਾਇਰੈਕਟਰ ਜਨਰਲ, ਸਕੂਲ ਸਿੱਖਿਆ ਵੱਲੋਂ ਉਪਲਬਧ ਕਰਵਾਏ ਗਏ ਰਿਕਾਰਡ ਨੂੰ Screening Committee ਵੱਲੋਂ ਗਹੁ ਨਾਲ ਵਿਚਾਰਦੇ ਹੋਏ ਕੰਟਰੈਕਟ/ਐਡਹਾਕ ਤੇ ਨਿਯੁਕਤ 375 ਸਪੈਸ਼ਲ ਐਜੁਕੇਟਰ ਵਿੱਚੋਂ 12 ਸਪੈਸ਼ਲ ਐਜੁਕੇਟਰ (Annexure-A ਅਨੁਸਾਰ 7 ਅਧਿਆਪਕ ਪ੍ਰਾਇਮਰੀ ਅਤੇ 5 ਅਧਿਆਪਕ ਸੈਕੰਡਰੀ) ਦੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਵਿੱਚ ਬਤੌਰ ਸਪੈਸ਼ਲ ਐਜੁਕੇਟਰ ਟੀਚਰ ਰੈਗੂਲਰ ਕਰਨ ਦੀ ਸਿਫਾਰਸ਼ ਕੀਤੀ ਗਈ।

5. ਮੰਤਰੀ ਮੰਡਲ ਵੱਲੋਂ ਮਿਤੀ 7.7.2025 ਨੂੰ ਦਿੱਤੀ ਪ੍ਰਵਾਨਗੀ ਰਾਹੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਨੂੰ ਸਪੈਸ਼ਲ ਐਜੂਕੇਟਰ ਟੀਚਰਾਂ ਦੀਆਂ ਸਿੱਧੀ ਭਰਤੀ ਦੀਆਂ ਅਸਾਮੀਆਂ ਤੇ ਰੈਗੂਲਰ ਕਰਨ ਦੇ ਕੇਸਾਂ ਨੂੰ ਸਕਰੀਨਿੰਗ ਕਮੇਟੀ ਵੱਲੋਂ ਕੀਤੀ ਸਿਫਾਰਸ ਅਨੁਸਾਰ ਵਿਚਾਰਨ ਲਈ ਅਧਿਕਾਰਿਤ ਕੀਤੇ ਸਨਮੁੱਖ ਕੰਟਰੈਕਟ/ਠੇਕੇ ਦੇ ਆਧਾਰ ਤੇ ਪੜ੍ਹਾ ਰਹੇ 375 ਸਪੈਸ਼ਲ ਅਧਿਆਪਕਾਂ (IERT) ਵਿੱਚੋਂ 12 ਸਪੈਸ਼ਲ ਐਜੂਕੇਟਰ ਟੀਚਰ (Annexure-A ਅਨੁਸਾਰ 7 ਅਧਿਆਪਕ ਪ੍ਰਾਇਮਰੀ ਅਤੇ 5 ਅਧਿਆਪਕ ਸੈਕੰਡਰੀ), ਜੋ ਕਿ The Punjab Educational (Teaching Cadre) Group C Service (Second Amendment) Rules, 2025 ਅਨੁਸਾਰ ਵਿੱਦਿਅਕ ਯੋਗਤਾਵਾਂ ਪੂਰੀ ਕਰਦੇ ਹਨ, ਨੂੰ ਸਿੱਖਿਆ ਵਿਭਾਗ ਵਿੱਚ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਰੈਗੂਲਰ/ਨਿਯਮਿਤ ਕੀਤਾ ਜਾਂਦਾ ਹੈ:-

(i) ਇਹਨਾਂ ਅਧਿਆਪਕਾਂ ਤੇ The Punjab Educational (Teaching Cadre) Group C Service (Second Amendment) Rules,2025 ਲਾਗੂ ਹੋਣਗੇ।

(ii) ਇਹਨਾਂ ਅਧਿਆਪਕਾਂ ਤੇ ਉਕਤ ਦਰਸਾਏ ਨਿਯਮਾਂ ਅਧੀਨ 7ਵਾਂ ਤਨਖਾਹ ਕਮਿਸ਼ਨ ਦੇ ਤਨਖਾਹ ਸਕੇਲ ਲਾਗੂ ਹੋਣਗੇ ਅਤੇ ਇਸ ਤੋਂ ਇਲਾਵਾ ਵਿੱਤ ਵਿਭਾਗ ਵੱਲੋਂ ਤਨਖਾਹ/ਭੱਤਿਆਂ ਨਾਲ ਸਬੰਧਤ ਮਿਤੀ15.01.2015 ਅਤੇ ਸਮੇਂ ਸਮੇਂ ਦੌਰਾਨ ਜਾਰੀ ਕੀਤੀਆਂ ਹਦਾਇਤਾਂ ਇੰਨ-ਬਿੰਨ ਲਾਗੂ ਹੋਣਗੀਆਂ। ਇਹਨਾਂ ਹਦਾਇਤਾਂ ਅਨੁਸਾਰ ਇਹਨਾਂ ਕਰਮਚਾਰੀਆਂ ਨੂੰ ਤਿੰਨ ਸਾਲਾਂ ਦੇ ਪਰਖਕਾਲ ਦੌਰਾਨ ਕੇਵਲ ਮੁੱਢਲੀ ਤਨਖਾਹ ਮਿਲਣਯੋਗ ਹੋਵੇਗੀ ਅਤੇ ਕੋਈ ਭੱਤਾ ਮਿਲਯੋਗ ਨਹੀਂ ਹੋਵੇਗਾ ।

(iii) ਇਹਨਾਂ ਅਧਿਆਪਕਾਂ ਦੀ ਸੀਨੀਅਰਤਾ ਸਬੰਧੀ ਫੈਸਲਾ ਸਰਕਾਰ ਵੱਲੋਂ ਬਾਅਦ ਵਿੱਚ ਕੀਤਾ ਜਾਵੇਗਾ।

(iv) ਇਹਨਾਂ ਅਧਿਆਪਕਾਂ ਨੂੰ ਉਹਨਾਂ ਵੱਲੋਂ ਕੰਟਰੈਕਟਰ ਦੇ ਕੀਤੀ ਸੇਵਾ ਦਾ ਕੋਈ ਪਿਛਲਾ ਵਿੱਤੀ ਲਾਭ ਮਿਲਣਯੋਗ ਨਹੀਂ ਹੋਵੇਗਾ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**

**17.09.2025**

**ਅਨਿੰਦਿਤਾ ਮਿਤਰਾ, ਆਈ.ਏ.ਐਸ.**
**ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਪਿੱਠ: ਅੰ: ਨੰ:SED-EDU706/18/2023-4EDU7/84

ਮਿਤੀ, ਚੰਡੀਗੜ੍ਹ: 18/9/2025

ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਦੇ ਸਾਧਾਰਣ ਗਜਟ ਵਿੱਚ ਛਪਵਾਉਣ ਉਪਰੰਤ ਇਸ ਦੀਆਂ 15 ਕਾਪੀਆਂ ਰਿਕਾਰਡ ਹਿੱਤ ਵਿੱਤ ਵਿਭਾਗ ਅਤੇ ਇਸ ਵਿਭਾਗ ਨੂੰ ਭੇਜਿਆ ਜਾਵੇ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੱਠ: ਅੰ: ਨੰ:

ਮਿਤੀ, ਚੰਡੀਗੜ੍ਹ:

ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਇਹਨਾਂ ਹੁਕਮਾਂ ਦੀ ਪਾਲਣਾ ਕੀਤੀ ਜਾਵੇ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੱਠ: ਅੰ: ਨੰ:                                                                                    ਮਿਤੀ, ਚੰਡੀਗੜ੍ਹ:

ਉਤਾਰਾ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ/ ਐਲੀਮੈਂਟਰੀ) ਪੰਜਾਬ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਸਬੰਧਤ ਅਧਿਆਪਕਾਂ ਨੂੰ ਨਿਯਮਾਂ ਅਨੁਸਾਰ ਨਿਯੁਕਤੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਸਬੰਧਤਾਂ ਦੇ ਲੋੜੀਂਦੇ ਦਸਤਾਵੇਜ ਦੀ ਪ੍ਰਮਾਣਿਕਤਾ ਯਕੀਨੀ ਬਣਾਈ ਜਾਵੇ ਅਤੇ ਸਰਕਾਰ ਨੂੰ ਸੂਚਿਤ ਕੀਤਾ ਜਾਵੇ।

ਉੱਪ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

Annexure 'A'

Eligible Candidates list for Primary Cadre (Class 1-5)

| Sr.No. | Name | Father's Name | D.O.B. | AGE AS ON 31.07.2025 | Designation | D.O.J. | Gender | Category | Qualification | %AGE of Graduation | Uni Name | PSTET/ TGT | Date of Posting Special Educator | RCI No. | RCI validity | Validity Remarks | Salary Drawn |
|---|---|---|---|---|---|---|---|---|---|---|---|---|---|---|---|---|---|
| 1 | Navroop Kaur | Kuldip Singh | 18-02-1984 | 41 YEARS, 5MONTHES, 13 DAYS | IERT | 19.10.2010 | Female | BC | B.A , D.ED(VI)DIPLOMA INEARLY CHILDHOOD,PSTET | 48 | Manipal Uni. | PSTET-1(2018) 82 Marks | 19.10.2010 | B24936 | 21 09.2027 | Valid | 28949 |
| 2 | Manju | Banvari Lal | 12-06-1986 | 39 YEARS, 1MONTHES, 19 DAYS | IERT | 13.06 2011 | Female | BC | B.A, MA,Diploma in VI | 51.22 | Manipal Uni. | PSTET-1(84) | 13.06.2011 | B26161 | 13.10.2027 | Valid | 28949 |
| 3 | Prem Kumar | Mukh Ram | 17-08-1985 | 39 YEARS, 11MONTHES, 14 DAYS | IERT | 04.11.2010 | Male | SC(R & O) | B.A., B.Ed, DSE(VI) | 53 | NIVH | PSTET -I-90 | 04.11.2010 | B17800 | 20.09.2027 | Valid | 28949 |
| 4 | Geeta Goswami | Varinder Kumar Goswami | 20-04-1989 | 36 YEARS, 3MONTHES, 11 DAYS | DSET | 25.08.09 | Female | BC | BA.MA.B.EDSE, DIPLOMA IN EARLY CHILDHOOD,PSTET,CCM TLD | 63.95 | B.Ed-IGNOU, Dip-Manipal Uni. | PSTET-1(107) | 25.08.09 | A82160 | 15.07.2027 | Valid | 25000 |
| 5 | Inderjeet | Ram Narayan | 03-10-1989 | 35 YEARS, 9MONTHES, 28 DAYS | IERT | 06.06.2011 | Male | BC | BA, PSTET-1, DHLS, B.ED SE | 61.73 | UPRTOU Allahabad | PSTET-1(89) | 06.06.2011 | A94535 | 28.10.2028 | Valid | 28949 |
| 6 | Sandeep Kumar | Surjit Ram | 25-10-1985 | 39 YEARS, 9MONTHES, 6 DAYS | IERT | 01.04.2013 | Male | SC(R&O) | BA, B.ED, MA, PSTET-1 2017, PGPD-SE(HI) | 60 | IGNOU | PSTET-1(86) | 01.04.2013 | A38329 | 10.10.2027 | Valid | 28949 |
| 7 | Simranjeet Kaur | Sudagar Singh | 10-1-1990 | 34 YEARS, 9MONTHES, 30 DAYS | IERT | 25.10.2010 | Female | BC | BA, D.ED SE(VI), B.ED SE(VI), PSTET-1 | 49.5 | IGNOU | PSTET-1(82) | 25.10.2010 | B26988 | 28.07.2028 | Valid | 28949 |

Superintendent,
Recruitment Directorate, Punjab

Asst. Director,
Amla-2, DSE(SE)

Asst. Director,
Servies Branch, DSE(EE)

Dy. SPD(Admin)
SSA, Punjab

Principal
GSSS Daulat Singh Wala, SAS NAGAR

Asst. Director,
Recruitment Directorate, Punjab

# Eligible Candidates list for Secondary Cadre (Class 6-10)

| No. | Scrutiny date | Name | Father's Name | Mother's Name | DOB/ AGE | AGE AS ON 31.07.2025 | Designation | School Name | District | Name of the Society | D.O.J. | Mobile No. | Gender | Category | Qualification | %age graduation | Uni Name | PSTET/ TGT | Date of passing special edu. | Date of Posting Special Educator | RCI No. | RCI validity | Validity Remarks | Salary Drawn |
|---|---|---|---|---|---|---|---|---|---|---|---|---|---|---|---|---|---|---|---|---|---|---|---|---|
| - | 04.06.2025 | Narinder Kaur | Jaivir Singh | Kamali Kaur | 15-08-1983 | 41 YEARS, 11MONTHES, 16 DAYS | IERT | GPS Main Block Patiala-II | Patiala | Samagra | 25.06.2007 | 9877553261 | Female | BC | B.A., B.Ed. SE(MR) | 53.79 | MP Bhoj | PSTET-II-86 | 10.09.2015 | 25.06.2007 | A30284 | 02.12.2028 | Valid | 28949 |
| 2 | 04.06.2025 | Seema Rani | Jagan Nath | Darshana Rani | 07-02-1985 | 40 YEARS, 5MONTHES, 24 DAYS | IERT | GES Chawinda Devi Block Majitha 2 | Amritsar | Samagra | 30.03.2013 | 7719570971 | Female | SC(R&O) | B.A, B.ED,PGPDSE(HI) | 50 | GNDU M.Ed-IGNOU | PSTET -2 (87) PSTET-1(Not cleared) | PDSE 12.02.2[illegible] | 30.03.2013 | A25691 | 13.10.2027 | Valid | 28949 |
| 3 | 05.06.2025 | Kuldeep Kaur | Amrit singh | Nasib Kaur | 02-11-1984 | 40 YEARS, 8MONTHES, 29 DAYS | IERT | GPS Kotkapura Boys Block-Kotkapura | Faridkot | Samagra | 19.12.2005 | 9988365313 | Female | BC | B.A,M.A, B.ED SE(MR) | 57.41 | MP Bhoj open uni Bhopal | PSTET-2(88) | 25.01.2011 | 19.12.2005 | A84851 | 08.11.2027 | Valid | 28949 |
| 4 | 06.06.2025 | Amarjeet Kaur | Surjit Singh | Santosh | 21-12-1988 | 36 YEARS, 7MONTHES, 10 DAYS | IERT | GPS Sangol Block Mukerian 1 | Hoshiarpur | Samagra | 08.11.2010 | 8146226300 | Female | SC(R&O) | BA, PSTET-2 2017 DECSE(MR), B.ED SE(HI) | 68.83 | DECSE Manipal Uni, B.ED IGNOU | PSTET-2(87) | DECSE-08.04.2011 B.ED-08.08.2013 | 08.11.2010 | A85958 | 26.12.2027 | Valid | 28949 |
| 5 | 04.06.2025 | Vijay Partap | Ramraj | Chhango Devi | 05-10-1983 | 41 YEARS, 9MONTHES, 26 DAYS | IERT | GES Jethuwal Block Amritsar 2 | Amritsar | Samagra | 06.06.2011 | 9855008299 | Female | SC(R&O) | B.A, M.A ,B.ED(SEDE) | 52.65 | MP Bhoj open uni Bhopal | PSTET-2(82) | 14.11.2009 | 06.06.2011 | A17551 | 20.09.2027 | Valid | 28949 |

Superintendent,
Recruitment Directorate, Punjab

Asst. Director,
Amla-2, DSE(SE)

Asst. Director,
Servies Branch, DSE(EE)

Dy. SPD(Admin)
SSA, Punjab

Principal
GSSS Daulat Singh Wala, SAS NAGAR

Asst. Director,
Recruitment Directorate, Punjab